# ਨਾਂਵ ਦੀਆਂ ਕਿਸਮਾਂ

1. ਆਮ ਨਾਂਵ ਜਾਂ ਜਾਤੀ-ਵਾਚਕ ਨਾਂਵ — ਜਿਹੜੇ ਸ਼ਬਦ ਆਮ ਵਸਤੂਆਂ, ਮਨੁੱਖਾਂ ਅਤੇ ਜੀਵ ਜਾਂ ਸਥਾਨ ਦੀ ਪੂਰੀ ਜਾਤੀ ਦਾ ਬੋਧ ਕਰਾਉਣ, ਉਹਨਾਂ ਨੂੰ ਆਮ ਨਾਂਵ ਜਾਂ ਜਾਤੀ-ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਲੜਕੀ, ਘੋੜਾ, ਪਹਾੜ ਆਦਿ।

2 ਖ਼ਾਸ ਨਾਂਵ ਜਾਂ ਨਿੱਜ-ਵਾਚਕ ਨਾਂਵ — ਜਿਹੜੇ ਸ਼ਬਦ ਤੋਂ ਕਿਸੇ ਖ਼ਾਸ ਵਿਅਕਤੀ, ਜੀਵ, ਖ਼ਾਸ ਵਸਤੂ, ਖ਼ਾਸ ਸਥਾਨ ਦੇ ਨਾਂ ਦਾ ਬੋਧ ਹੁੰਦਾ ਹੈ ਉਸ ਨੂੰ ਖ਼ਾਸ ਨਾਂਵ ਜਾਂ ਨਿੱਜ-ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਸੂਰਜ, ਸਤਲੁਜ, ਫ਼ਿਰੋਜ਼ਪੁਰ ਆਦਿ।

3 ਵਸਤੂ-ਵਾਚਕ ਨਾਂਵ — ਜਿਹੜੇ ਸ਼ਬਦ ਤੋਂ ਤੋਲਣ, ਮਿਣਨ ਜਾਂ ਮਾਪੀਆ ਜਾਣ ਵਾਲੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਸ ਨੂੰ ਵਸਤੂ-ਵਾਚਕ ਨਾਂਵ ਕਹਿੰਦੇ ਹਨ, ਜਿਵੇਂ :- ਸੋਨਾ, ਚਾਂਦੀ, ਤੇਲ, ਕੱਪੜਾ ਆਦਿ

4. ਇਕੱਠ-ਵਾਚਕ ਜਾਂ ਸਮੂਹ-ਵਾਚਕ ਨਾਂਵ — ਜਿਹੜੇ ਸ਼ਬਦ ਵਿਅਕਤੀਆਂ, ਜੀਵਾਂ ਜਾਂ ਗਿਣੀਆਂ ਜਾਣ ਵਾਲੀਆਂ ਵਸਤੂਆਂ ਦੇ ਸਮੂਹ ਦਾ ਗਿਆਨ ਕਰਵਾਉਣ, ਉਹਨਾਂ ਨੂੰ ਇਕੱਠ-ਵਾਚਕ ਨਾਂਵ ਕਹਿੰਦੇ ਹਨ, ਜਿਵੇਂ :- ਫ਼ੌਜ, ਇੱਜੜ, ਜਮਾਤ ਆਦਿ।

5. ਭਾਵ-ਵਾਚਕ ਨਾਂਵ — ਜਿਹੜੇ ਸ਼ਬਦ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਦਾ ਗਿਆਨ ਹੋਵੇ, ਉਸ ਨੂੰ ਭਾਵ-ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਖ਼ੁਸ਼ੀ, ਗ਼ਮੀ, ਮਹਿਕ, ਸਚਾਈ, ਉਦਾਸੀ ਆਦਿ।